ਮਾਪਿਆਂ ਦੀ ਸ਼ਮੂਲੀਅਤ

### 3. ਫੰਡ ਇਕੱਠੇ ਕਰਨ ਦੇ ਕਾਰਜ:

ਅਜਿਹੇ ਖਾਸ ਪ੍ਰੋਗਰਾਮ ਜਾਂ ਸਰਗਰਮੀਆਂ ਚਲਾਉਣ ਲਈ ਜਿਨ੍ਹਾਂ ਲਈ ਫੰਡ ਵਿਦਿਆ ਮਹਿਕਮੇ ਵਲੋਂ ਨਹੀਂ ਮਿਲਦੇ, ਸਕੂਲ ਅਕਸਰ ਫੰਡ ਇਕੱਠਾ ਕਰਨ ਦਾ ਕਾਰਜ ਕਰਦੇ ਹਨ। ਮਾਪੇ ਪੈਸੇ ਇਕੱਠੇ ਕਰਨ ਦੀਆਂ ਸਕੂਲ ਦੀਆਂ ਕੋਸ਼ਿਸ਼ਾਂ ਵਿਚ ਮਦਦ ਕਰ ਸਕਦੇ ਹਨ ਤਾਂ ਜੋ ਸਕੂਲ ਦੇ ਸਾਰੇ ਬੱਚੇ ਵਾਧੂ ਸਰਗਰਮੀਆਂ ਵਿਚ ਹਿੱਸਾ ਲੈ ਸਕਣ। ਇਨ੍ਹਾਂ ਵਿਚ ਇਹ ਸ਼ਾਮਲ ਹੋ ਸਕਦੀਆਂ ਹਨ:

- ਖਾਸ ਫੀਲਡ ਟਰਿੱਪ ਜਾਂ ਫੀਲਡ ਸਟੱਡੀਜ਼ ਜਿਵੇਂ ਕਿ ਕਿਸੇ ਅਜਾਇਬ ਘਰ ਜਾਣਾ।
- ਦਿਨ ਦੇ ਜਾਂ ਰਾਤ ਠਹਿਰਨ ਦੇ ਕੈਂਪਿੰਗ ਟਰਿੱਪ।
- ਖੇਡਾਂ ਦੀਆਂ ਸਰਗਰਮੀਆਂ (ਤਰਨ ਦੇ ਪ੍ਰੋਗਰਾਮ, ਟੈਨਿਸ ਸਿਖਲਾਈ, ਆਦਿ)।
- ਐਕਟਿੰਗ ਕਲਾ ਦੀਆਂ ਸਰਗਰਮੀਆਂ ਜਿਵੇਂ ਕਿ ਸੰਗੀਤ, ਡਾਂਸ ਜਾਂ ਡਰਾਮਾ।
- ਸਭਿਆਚਾਰਕ ਪ੍ਰੋਗਰਾਮ ਅਤੇ/ਜਾਂ ਪ੍ਰਦਰਸ਼ਨੀਆਂ।

ਉਪਰ ਲਿਖਿਆਂ ਤੋਂ ਇਲਾਵਾ, ਬਹੁਤ ਸਾਰੇ ਸਕੂਲ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹ ਦੇਣ ਲਈ ਖਾਸ ਮੰਤਵਾਂ ਦੀ ਮਦਦ ਕਰਦੇ ਹਨ।

### 4. ਮਾਪਿਆਂ ਦੀ ਸਲਾਹਕਾਰੀ ਕਮੇਟੀ (ਪੀ ਏ ਸੀ):

ਹਰ ਸਕੂਲ ਵਿਚ ਪੀ ਏ ਸੀ* ਹੈ। ਇਹ ਮਾਪਿਆਂ ਅਤੇ ਸਕੂਲ ਪ੍ਰਬੰਧਕ (ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ) ਨਾਲ ਬਣੀ ਹੁੰਦੀ ਹੈ। ਇਸ ਵਿਚ ਟੀਚਰ ਵੀ ਸ਼ਾਮਲ ਹੋ ਸਕਦੇ ਹਨ। ਪੀ ਏ ਸੀ ਸਾਰੇ ਮਾਪਿਆਂ ਲਈ ਖੁਲ੍ਹੀ ਹੁੰਦੀ ਹੈ ਅਤੇ ਨਵੇਂ ਮਾਪਿਆਂ ਦਾ ਸੁਆਗਤ ਕਰਦੀ ਹੈ। ਜੇ ਲੋੜ ਹੋਵੇ ਤਾਂ ਉਹ ਅਨੁਵਾਦ ਕਰਕੇ ਵੀ ਦੇ ਸਕਦੇ ਹਨ। ਪੀ ਏ ਸੀ ਮਹੀਨੇ ਵਿਚ ਤਕਰੀਬਨ ਇਕ ਵਾਰੀ ਮਿਲਦੀ ਹੈ, ਅਕਸਰ ਸ਼ਾਮਾਂ ਨੂੰ ਅਤੇ ਇਨ੍ਹਾਂ ਮੀਟਿੰਗਾਂ ਵਿਚ ਸਕੂਲ ਅਤੇ ਸਕੂਲ ਕਮਿਉਨਟੀ ਨੂੰ ਰਹਿਣ ਲਈ ਇਕ ਬਿਹਤਰ, ਸੁਰੱਖਿਅਤ ਥਾਂ ਬਣਾਉਣ ਵਿਚ ਮਦਦ ਕਰਨ ਲਈ ਟੀਚੇ ਅਤੇ ਉਦੇਸ਼ਾਂ ਬਾਰੇ ਵਿਚਾਰ ਕਰਦੀ ਹੈ ਅਤੇ ਟੀਚੇ ਤਹਿ ਕਰਦੀ ਹੈ।

ਪੀ ਏ ਸੀ ਇਹ ਢੰਗ ਲੱਭਣ ਵਿਚ ਵੀ ਸਕੂਲ ਦੀ ਮਦਦ ਕਰ ਸਕਦੀ ਹੈ:

- ਖੇਡਾਂ ਦੇ ਮੈਦਾਨ ਲਈ ਨਵਾਂ ਸਾਜ਼-ਸਮਾਨ ਲਈ ਫੰਡ ਇਕੱਠਾ ਲਈ।
- ਜਿਮ ਦਾ ਸਾਜ਼-ਸਮਾਨ ਬਿਹਤਰ ਬਣਾਉਣ ਅਤੇ/ਜਾਂ ਬਦਲਣ ਲਈ।
- ਸਕੂਲ ਦੇ ਕੰਪਿਊਟਰ ਅਤੇ/ਜਾਂ ਸੌਫਟਵੇਅਰ ਨਵਿਆਉਣ ਲਈ।
- ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹ ਦੇਣ ਲਈ ਪ੍ਰੋਗਰਾਮਾਂ ਦੀ ਮਦਦ ਕਰਨ ਲਈ।

*ਮਾਪਿਆਂ ਦੀ ਸਲਾਹਕਾਰੀ ਕਮੇਟੀ ਨਾਂ ਦਾ ਬਰੋਸ਼ਰ ਦੇਖੋ।

ਕੈਨੇਡਾ ਵਿਚ, ਸਕੂਲ ਮਾਪਿਆਂ ਦੀ ਸ਼ਮੂਲੀਅਤ ਦਾ ਸੁਆਗਤ ਕਰਦੇ ਹਨ। ਇਹ ਪਤਾ ਲਾਉਣ ਲਈ ਆਪਣੇ ਬੱਚੇ ਦੇ ਟੀਚਰ ਜਾਂ ਸਕੂਲ ਦੇ ਪ੍ਰਬੰਧਕ ਨਾਲ ਗੱਲ ਕਰੋ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਵਿਚ ਸ਼ਾਮਲ ਕਿਵੇਂ ਹੋ ਸਕਦੇ ਹੋ।

VSB

**"Parent Involvement in Schools"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜ਼ੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਸਕੂਲਾਂ ਵਿਚ ਮਾਪਿਆਂ ਦੀ ਸ਼ਮੂਲੀਅਤ



## ਐਲੀਮੈਂਟਰੀ

## ਮਾਪਿਆਂ ਦੀ ਸ਼ਮੂਲੀਅਤ ਦਾ ਕੀ ਮਤਲਬ ਹੈ?

ਮਾਪਿਆਂ ਦੀ ਸ਼ਮੂਲੀਅਤ ਦਾ ਮਤਲਬ ਹੈ ਕਿ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਵਿਚ ਹਿੱਸਾ ਲੈਂਦੇ ਹਨ। ਇਸ ਵਿਚ ਮਾਪਿਆਂ ਵਲੋਂ ਆਪਣੇ ਬੱਚਿਆਂ ਦੀ ਘਰ* ਵਿਚ ਕੀਤੀ ਜਾਂਦੀ ਮਦਦ ਅਤੇ ਇਸ ਦੇ ਨਾਲ ਨਾਲ ਸਕੂਲ ਵਿਚ ਸਿੱਧੀ ਮਦਦ ਕਰਨਾ ਸ਼ਾਮਲ ਹੈ।

ਆਪਣੇ ਬੱਚੇ ਦੇ ਸਕੂਲ ਵਿਚ ਮਦਦ ਵਿਚ ਸ਼ਾਮਲ ਹੋ ਸਕਦੇ ਹਨ:

- ਸਕੂਲ ਦੇ ਪ੍ਰੋਗਰਾਮਾਂ ਅਤੇ ਮੀਟਿੰਗਾਂ ਵਿਚ ਸ਼ਾਮਲ ਹੋਣਾ।
- ਕਲਾਸਰੂਮ ਵਿਚ ਮਦਦ ਕਰਨਾ।
- ਖਾਸ ਪ੍ਰੋਗਰਾਮਾਂ, ਖੇਡਾਂ ਦੀਆਂ ਟੀਮਾਂ ਅਤੇ ਕਲੱਬਾਂ ਵਿਚ ਮਦਦ ਕਰਨਾ।

## ਮਾਪਿਆਂ ਦੀ ਸ਼ਮੂਲੀਅਤ ਮਹੱਤਵਪੂਰਨ ਕਿਉਂ ਹੈ?

ਖੋਜ ਇਹ ਦਿਖਾਉਂਦੀ ਹੈ ਕਿ ਮਾਪਿਆਂ ਦੀ ਸ਼ਮੂਲੀਅਤ ਨਾਲ ਬੱਚੇ ਦੀ ਪੜ੍ਹਾਈ ਵਿਚ ਸੁਧਾਰ ਹੁੰਦਾ ਹੈ।

## ਮੈਂ ਜ਼ਿਆਦਾ ਹਿੱਸਾ ਕਿਵੇਂ ਲੈ ਸਕਦਾ/ਸਕਦੀ ਹਾਂ?

ਮਾਪੇ ਆਪਣੇ ਬੱਚੇ ਦੀ ਪੜ੍ਹਾਈ ਵਿਚ ਕਈ ਤਰੀਕਿਆਂ ਨਾਲ ਸ਼ਾਮਲ ਹੋ ਸਕਦੇ ਹਨ।

*"**ਘਰ ਵਿਚ ਆਪਣੇ ਬੱਚੇ ਦੀ ਪੜ੍ਹਾਈ ਵਿਚ ਮਦਦ ਕਰਨ ਦੇ ਤਰੀਕੇ**" ਨਾਂ ਦਾ ਬਰੋਸ਼ਰ ਦੇਖੋ।

## 1. ਟੀਚਰ ਨੂੰ ਮਿਲਣਾ:

ਮਾਪੇ ਕਈ ਤਰੀਕਿਆਂ ਨਾਲ ਆਪਣੇ ਬੱਚਿਆਂ ਨੂੰ ਮਿਲ ਸਕਦੇ ਹਨ। ਇਹ ਤਰੀਕੇ ਇਕ ਸਕੂਲ ਤੋਂ ਦੂਜੇ ਸਕੂਲ ਦੇ ਵੱਖਰੇ ਹੋ ਸਕਦੇ ਹਨ।

- **ਟੀਚਰ ਨੂੰ ਮਿਲਣ ਦੀ ਸ਼ਾਮ**, ਸਕੂਲ ਸਾਲ ਦੇ ਸ਼ੁਰੂ ਵਿਚ ਆਪਣੇ ਬੱਚੇ ਦੇ ਸਕੂਲ ਦੇ ਟੀਚਰਾਂ ਨੂੰ ਮਿਲਣ ਦਾ ਇਕ ਮੌਕਾ ਹੈ। ਇਹ ਇਕ ਅਜਿਹੀ ਸ਼ਾਮ ਹੁੰਦੀ ਹੈ ਜਿੱਥੋਂ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਦੇ ਪ੍ਰੋਗਰਾਮ ਅਤੇ ਆ ਰਹੇ ਸਕੂਲ ਸਾਲ ਬਾਰੇ ਜਾਣਕਾਰੀ ਲੈਂਦੇ ਹੋ।
- **ਟੀਚੇ ਤਹਿ ਕਰਨ ਵਾਲੀਆਂ ਮੀਟਿੰਗਾਂ** ਮਾਪਿਆਂ ਲਈ ਆਪਣੇ ਬੱਚੇ ਦੀ ਪੜ੍ਹਾਈ ਦੀਆਂ ਖਾਸ ਲੋੜਾਂ ਅਤੇ ਟੀਚਿਆਂ ਬਾਰੇ ਗਲੱਬਾਤ ਕਰਨ ਦੇ ਮੌਕੇ ਹਨ।
- **ਮਾਪੇ ਟੀਚਰ ਵਿਚਕਾਰ ਮੀਟਿੰਗਾਂ** ਹਰ ਸਾਲ ਦੋ ਜਾਂ ਤਿੰਨ ਵਾਰੀ ਮਿੱਥੀਆਂ ਜਾਂਦੀਆਂ ਹਨ, ਆਮ ਤੌਰ 'ਤੇ ਘਰ ਨੂੰ ਰਿਪੋਰਟ ਕਾਰਡ ਭੇਜਣ ਤੋਂ ਪਹਿਲਾਂ ਜਾਂ ਬਾਅਦ ਵਿਚ। ਇਹ ਮੀਟਿੰਗਾਂ ਮਾਪਿਆਂ ਅਤੇ ਟੀਚਰਾਂ ਨੂੰ ਇਹ ਵਿਚਾਰਨ ਦਾ ਮੌਕਾ ਦਿੰਦੀਆਂ ਹਨ ਕਿ ਤੁਹਾਡਾ ਬੱਚਾ ਸਕੂਲ ਵਿਚ ਕਿਵੇਂ ਹੈ, ਇਹ ਮੀਟਿੰਗਾਂ ਕਾਮਯਾਬੀਆਂ ਦੀ ਖ਼ੁਸ਼ੀ ਮਨਾਉਂਦੀਆਂ ਹਨ ਅਤੇ ਜੇ ਲੋੜ ਹੋਵੇ ਤਾਂ ਤੁਹਾਡੇ ਬੱਚੇ ਦੀ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਿਚ ਮਦਦ ਕਰਨ ਲਈ ਵਿਉਂਤਾਂ ਤਹਿ ਕਰਦੀਆਂ ਹਨ।
- **ਮਾਪੇ ਜਾਂ ਟੀਚਰ ਵਲੋਂ ਸੱਦੀਆਂ ਗਈਆਂ ਮੀਟਿੰਗਾਂ** ਉਹ ਮੀਟਿੰਗਾਂ ਹਨ ਜਿਨ੍ਹਾਂ ਲਈ ਬੇਨਤੀ ਤੁਹਾਡੇ ਵਲੋਂ ਜਾਂ ਤੁਹਾਡੇ ਬੱਚੇ ਦੇ ਟੀਚਰ ਵਲੋਂ ਕੀਤੀ ਜਾਂਦੀ ਹੈ। ਤੁਹਾਡੇ ਬੱਚੇ ਦੀ ਤਰੱਕੀ ਬਾਰੇ ਗੱਲਬਾਤ ਕਰਨ ਲਈ ਇਨ੍ਹਾਂ ਮੀਟਿੰਗਾਂ ਲਈ ਬੇਨਤੀ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ।

ਜੇ ਤੁਹਾਨੂੰ ਲੋੜ ਹੋਵੇ ਤਾਂ ਮਦਦ ਕਰਨ ਲਈ ਦੋਭਾਸ਼ੀਏ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਨ੍ਹਾਂ ਅਪੌਇੰਟਮੈਂਟਾਂ ਲਈ ਸਮੇਂ ਸਿਰ ਪਹੁੰਚਣਾ ਬਹੁਤ ਜ਼ਰੂਰੀ ਹੈ।

## 2. ਸਕੂਲ ਵਿਚ ਵਾਲੰਟੀਅਰ ਬਣਨਾ:

ਵਾਲੰਟੀਅਰ ਬਣਨ ਦੇ ਤਰੀਕੇ ਇਕ ਸਕੂਲ ਤੋਂ ਦੂਜੇ ਸਕੂਲ ਦੇ ਵੱਖਰੇ ਹੋ ਸਕਦੇ ਹਨ। ਕੁਝ ਵਿਚ ਥੋੜ੍ਹੇ ਸਮੇਂ ਦੀ ਵਚਨਬੱਧਤਾ ਕਰਨੀ ਪੈਂਦੀ ਹੈ, ਅਤੇ ਹੋਰਨਾਂ ਵਿਚ ਲੰਮੇ ਸਮੇਂ ਦੀ ਵਚਨਬੱਧਤਾ ਹੋ ਸਕਦੀ ਹੈ।

### ਥੋੜ੍ਹੇ ਸਮੇਂ ਲਈ ਵਾਲੰਟੀਅਰ ਬਣਨਾ

**'ਫੀਲਡ ਟਰਿੱਪ' ਜਾਂ 'ਫੀਲਡ ਸਟੱਡੀਜ਼'**
ਟੀਚਰ ਕਲਾਸਾਂ ਨੂੰ ਸਕੂਲ ਤੋਂ ਬਾਹਰ ਖਾਸ ਟਰਿੱਪਾਂ ਲਈ ਲਿਜਾਣ ਵੇਲੇ ਅਕਸਰ ਬਾਲਗਾਂ ਤੋਂ ਮਦਦ ਮੰਗਦੇ ਹਨ। ਤੁਹਾਡੀ ਮਦਦ ਟਰਿੱਪ ਨੂੰ ਸਾਰੇ ਬੱਚਿਆਂ ਲਈ, ਸਮੇਤ ਤੁਹਾਡੇ ਬੱਚੇ ਦੇ, ਸੁਰੱਖਿਅਤ ਅਤੇ ਜ਼ਿਆਦਾ ਆਨੰਦਮਈ ਬਣਾਏਗੀ।

**ਸਕੂਲ ਦੇ ਖਾਸ ਪ੍ਰੋਗਰਾਮ**
ਸਕੂਲਾਂ ਵਿਚ ਅਕਸਰ ਖਾਸ ਪ੍ਰੋਗਰਾਮ ਹੁੰਦੇ ਰਹਿੰਦੇ ਹਨ ਜਿਨ੍ਹਾਂ ਲਈ ਬਾਲਗਾਂ ਦੀ ਮਦਦ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਨ:

- ਸੰਗੀਤ ਸਮਾਰੋਹ ਅਤੇ ਨਾਟਕ।
- ਸਾਇੰਸ ਮੇਲੇ।
- ਬਹੁਸਭਿਆਚਾਰਕ ਸ਼ਾਮਾਂ ਅਤੇ ਡਿਨਰ।
- ਖੇਡਾਂ ਦੇ ਦਿਨ।

### ਲੰਮੇ ਸਮੇਂ ਲਈ ਵਾਲੰਟੀਅਰ ਬਣਨਾ

**ਕਲਾਸਰੂਮ ਵਿਚ ਵਾਲੰਟੀਅਰ ਬਣਨਾ**
ਅਕਸਰ ਮਾਪੇ ਆਪਣੇ ਬੱਚੇ ਦੀ ਕਲਾਸ ਵਿਚ ਹਰ ਹਫਤੇ ਇਕ ਜਾਂ ਦੋ ਦਿਨ, ਇਕ ਜਾਂ ਦੋ ਘੰਟੇ ਵਾਲੰਟੀਅਰ ਬਣਦੇ ਹਨ। ਮਾਪੇ ਇਸ ਤਰ੍ਹਾਂ ਦੇ ਖੇਤਰਾਂ ਵਿਚ ਮਦਦ ਕਰਦੇ ਹਨ:

- ਛੋਟੇ ਗਰੁੱਪਾਂ ਵਿਚ ਬੱਚਿਆਂ ਨਾਲ ਪੜ੍ਹਨਾ।
- ਕਿਸੇ ਖਾਸ ਵਿਸ਼ੇ ਵਿਚ ਕਿਸੇ ਬੱਚੇ ਜਾਂ ਬੱਚਿਆਂ ਦੇ ਛੋਟੇ ਗਰੁੱਪ ਦੀ ਮਦਦ ਕਰਨਾ, ਜਿਵੇਂ ਕਿ ਆਰਟ ਜਾਂ ਹਿਸਾਬ ਵਿਚ।
- ਸਕੂਲ, ਕਲਾਸਰੂਮ ਦੇ ਬੁਲੇਟਿਨ ਬੋਰਡ ਨੂੰ ਸ਼ਿੰਗਾਰਨ ਵਿਚ ਮਦਦ ਕਰਨਾ, ਜਾਂ ਹੋਰ ਕੰਮ ਕਰਵਾਉਣਾ।

ਹੋਰ ਉਹ ਖੇਤਰ ਜਿਨ੍ਹਾਂ ਵਿਚ ਲੰਮੇ ਸਮੇਂ ਲਈ ਵਾਲੰਟੀਅਰ ਬਣਿਆ ਜਾ ਸਕਦਾ ਹੈ:

- ਸਕੂਲ ਦੇ ਦਫਤਰ ਵਿਚ ਮਦਦ ਕਰਨਾ, ਖਾਸ ਤੌਰ 'ਤੇ ਖਾਸ ਪ੍ਰੋਗਰਾਮਾਂ ਦੇ ਸਬੰਧ ਵਿਚ ਜਿਵੇਂ ਕਿ 'ਸੇਫ ਅਰਾਈਵਲ' ਨਾਂ ਦਾ ਇਕ ਪ੍ਰੋਗਰਾਮ ਜੋ ਕਈ ਸਕੂਲਾਂ ਵਿਚ ਹੈ।
- ਲਾਇਬਰੇਰੀ ਵਿਚ ਸ਼ੈਲਫਾਂ 'ਤੇ ਕਿਤਾਬਾਂ ਟਿਕਾ ਕੇ ਜਾਂ ਕਿਤਾਬਾਂ ਉਧਾਰੀਆਂ ਦੇ ਕੇ ਮਦਦ ਕਰਨਾ।
- ਆਪਣੇ ਬੱਚੇ ਦੇ ਸਕੂਲ ਦੇ ਲੰਚ ਪ੍ਰੋਗਰਾਮ ਵਿਚ ਮਦਦ ਕਰਨਾ, ਜੇ ਸਕੂਲ ਕੋਲ ਇਹ ਪ੍ਰੋਗਰਾਮ ਹੈ।
- ਖੇਡਾਂ ਅਤੇ ਟੀਮਾਂ ਵਿਚ ਮਦਦ ਕਰਨਾ।